# ਤਮਾਨਵਿਸ ਸੈਕੰਡਰੀ – ਕੁੱਝ ਤੱਥ    Tamanawis Secondary Quick Facts

## ਸਕੂਲ ਤੇ    At School

| ਘੰਟੀ ਵੱਜਣ ਦਾ ਸਮਾਂ Bell Schedule | | |
|---|---|---|
| 8:45 - 10:05 | ਪਹਿਲੀ ਕਲਾਸ | First Class |
| 10:10 - 11:30 | ਦੂਜੀ ਕਲਾਸ | Second Class |
| *11:30 - 12:10* | *ਦੁਪਹਿਰ ਦਾ ਖਾਣਾ* | *Lunch* |
| 12:15 - 1:35 | ਤੀਜੀ ਕਲਾਸ | Third Class |
| 1:40 - 3:00 | ਅਖ਼ੀਰਲੀ ਕਲਾਸ | Last Class |

- ਸਕੂਲ ਦੇ ਇੱਕ ਸਾਲ ਵਿਚ 2 ਸੀਮੈਸਟਰ ਹੁੰਦੇ ਹਨ
    - ਸਤੰਬਰ ਤੋਂ ਜਨਵਰੀ ਅਤੇ ਫ਼ਰਵਰੀ ਤੋਂ ਜੂਨ

- ਹਰ ਸੀਮੈਸਟਰ ਵਿਚ ਵਿਦਿਆਰਥੀ 4 ਕੋਰਸ ਲੈਂਦਾ ਹੈ (ਸਾਲ ਵਿਚ ਟੋਟਲ 8 ਕੋਰਸ)

- ਹਰ ਕੋਰਸ ਦੇ 4 ਕਰੈਡਿਟ ਮਿਲਦੇ ਹਨ। ਇਹ ਕਰੈਡਿਟ ਲੈ ਕੇ ਹੀ ਵਿਦਿਆਰਥੀ ਕੋਰਸ ਸਫ਼ਲਤਾ ਪੂਰਵਕ ਪਾਸ ਕਰ ਸਕੇਗਾ।

- ਗ੍ਰੈਜੂਏਟ ਹੋਣ ਲਈ ਵਿਦਿਆਰਥੀ ਨੂੰ 80 ਕਰੈਡਿਟ ਪ੍ਰਾਪਤ ਕਰਨੇ ਪੈਣਗੇ।
    - ਗ੍ਰੈਜੂਏਸ਼ਨ ਲਈ ਕਰੈਡਿਟ 10ਵੇਂ ਗ੍ਰੇਡ ਤੋਂ ਸ਼ੁਰੂ ਹੁੰਦੇ ਹਨ।

- **ਸਫ਼ਲਤਾ ਪੂਰਵਕ ਗ੍ਰੈਜੂਏਟ ਹੋਣ ਲਈ** ਹੋਰ ਕੋਰਸਾਂ ਤੋਂ ਇਲਾਵਾ, ਵਿਦਿਆਰਥੀ ਨੂੰ **ਸੋਸ਼ਲ ਸਟੱਡੀਜ਼ 10 ਅਤੇ 11 ਅਤੇ ਅੰਗਰੇਜ਼ੀ 10, 11 ਅਤੇ 12ਵੇਂ ਗ੍ਰੇਡ ਵਿਚ ਪਾਸ ਕਰਨੀ ਹੋਵੇਗੀ।**
    - ਇਨ੍ਹਾਂ ਕਲਾਸਾਂ ਵਿਚ ਰੱਖਣ ਤੋਂ ਪਹਿਲਾਂ ਵਿਦਿਆਰਥੀ ਦਾ ਅੰਗਰੇਜ਼ੀ ਦਾ ਲੈਵਲ ਉੱਚਾ ਹੋਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਦਬਾਅ ਮਹਿਸੂਸ ਨਾ ਕਰਨ ਅਤੇ ਆਮ ਤੌਰ ਤੇ ਕਾਮਯਾਬ ਹੋ ਜਾਣ।
    - ਜੇ ਕੋਈ ਵਿਦਿਆਰਥੀ ਵਿੱਦਿਅਕ ਕਲਾਸ ਵਿਚ ਹੈ ਅਤੇ ਹਰ ਕੋਸ਼ਿਸ਼ ਦੇ ਬਾਵਜੂਦ ਪਾਸ ਨਹੀਂ ਹੁੰਦਾ ਤਾਂ ਉਸ ਨੂੰ ਇਹ ਵਿਕਲਪ ਦਿੱਤਾ ਜਾ ਸਕਦਾ ਹੈ ਕਿ ਉਹ ਕੋਰਸ ਆਡਿਟ ਕਰੇ ਅਤੇ ਅਖਰੀ ਗ੍ਰੇਡ ਦੇਣ ਦੀ ਬਜਾਏ ਉਸ ਨੂੰ ਕੋਈ ਨੰਬਰ ਨਾ {NM (no mark)} ਦਿੱਤਾ ਜਾਏ।
    - ਜਿਹੜੇ ਵਿਦਿਆਰਥੀ 12ਵੇਂ ਗ੍ਰੇਡ ਦੇ ਅੰਤ ਤੱਕ 80 ਕਰੈਡਿਟ ਪ੍ਰਾਪਤ ਨਹੀਂ ਕਰਦੇ ਉਨ੍ਹਾਂ ਕੋਲ ਇੱਕ ਹੋਰ ਸਾਲ ਪੜ੍ਹਨ ਦਾ ਵਿਕਲਪ ਹੁੰਦਾ ਹੈ ਬਸ਼ਰਤੇ ਕਿ ਉਹ 19 ਸਾਲ ਤੋਂ ਵੱਡੇ ਨਾ ਹੋਣ ਅਤੇ ਉਹ ਗੰਭੀਰਤਾ ਪੂਰਵਕ ਪੜ੍ਹਨ ਵਾਲੇ ਅਤੇ ਮਿਹਨਤੀ ਹੋਣ।
    - 12ਵੇਂ ਗ੍ਰੇਡ ਤੋਂ ਬਾਅਦ ਬਾਲਗ਼ ਪੜ੍ਹਾਈ (ਲਰਨਿੰਗ ਸੈਂਟਰ ਤੇ) ਇੱਕ ਹੋਰ ਵਿਕਲਪ ਹੈ।

- ਵਿਦਿਆਰਥੀ **ਹਰ ਰੋਜ਼ ਸਾਰੀਆਂ** ਕਲਾਸਾਂ ਵਿਚ **ਜ਼ਰੂਰ** ਹਾਜ਼ਰ ਹੋਵੇ।
    - ਜੇ ਵਿਦਿਆਰਥੀ ਕਿਸੇ ਦਿਨ ਗ਼ੈਰਹਾਜ਼ਰ ਹੋਣ ਜਾ ਰਿਹਾ ਹੈ ਤਾਂ ਘਰੋਂ ਕੋਈ ਫ਼ੋਨ ਕਰ ਕੇ ਗ਼ੈਰਹਾਜ਼ਰੀ ਦਾ ਕਾਰਨ ਦਫ਼ਤਰ ਨੂੰ ਦੱਸੇ।
    - ਜੇ ਕਿਸੇ ਵਿਦਿਆਰਥੀ ਨੇ ਸਕੂਲ ਛੁੱਟੀ ਹੋਣ ਤੋਂ ਪਹਿਲਾਂ ਘਰ ਜਾਣਾ ਹੈ ਤਾਂ ਉਸ ਨੂੰ ਦਫ਼ਤਰ ਜਾ ਕੇ ਬਾਹਰ ਜਾਣ ਲਈ ਦਸਖ਼ਤ ਕਰਨੇ ਹੋਣਗੇ।
    - ਇਜਾਜ਼ਤ ਤੋਂ ਬਿਨਾਂ ਗ਼ੈਰਹਾਜ਼ਰ ਵਿਦਿਆਰਥੀਆਂ ਦੇ ਘਰ ਸਕੂਲੋਂ ਫ਼ੋਨ ਕੀਤਾ ਜਾਏਗਾ। ਜੇ ਇਹ ਗ਼ੈਰਹਾਜ਼ਰੀ ਜਾਰੀ ਰਹਿੰਦੀ ਹੈ ਤਾਂ ਮਾਪਿਆਂ ਨਾਲ ਮੀਟਿੰਗ ਕੀਤੀ ਜਾਏਗੀ ਅਤੇ ਵਿਦਿਆਰਥੀ ਨੂੰ ਸਸਪੈਂਡ ਵੀ ਕੀਤਾ ਜਾ ਸਕਦਾ ਹੈ।

- ਵਿਦਿਆਰਥੀ ਸਾਰੀਆਂ ਕਲਾਸਾਂ ਵਿਚ **ਸਮੇਂ ਸਿਰ** ਪਹੁੰਚਣ – ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਉਹ ਸੁਬ੍ਹਾ 8:30 ਤੇ ਪਹੁੰਚ ਜਾਣ।
    - ਜੇ ਕੋਈ ਵਿਦਿਆਰਥੀ 5 ਮਿੰਟਾਂ ਤੋਂ ਜ਼ਿਆਦਾ ਲੇਟ ਹੈ ਤਾਂ ਉਸ ਨੂੰ ਦਫ਼ਤਰ ਵਿਚ ਜਾ ਕੇ ਦਸਖ਼ਤ ਕਰਨੇ ਪੈਣਗੇ।
    - ਜੇ ਕੋਈ ਵਿਦਿਆਰਥੀ 5 ਮਿੰਟਾਂ ਤੋਂ ਘੱਟ ਲੇਟ ਹੈ ਤਾਂ ਉਹ ਕਲਾਸ ਵਿਚ ਜਾਏਗਾ ਅਤੇ ਟੀਚਰ ਅਗਲੀ ਕਾਰਵਾਈ ਕਰੇਗਾ।
    - ਹਮੇਸ਼ਾ "ਲੇਟ" ਆਉਣ ਵਾਲਿਆਂ ਨੂੰ ਰੋਕਿਆ ਜਾ ਸਕਦਾ ਹੈ, ਮਾਪਿਆਂ ਨਾਲ ਮੀਟਿੰਗ ਕੀਤੀ ਜਾ ਸਕਦੀ ਹੈ ਜਾਂ ਸਸਪੈਂਡ ਕੀਤਾ ਜਾ ਸਕਦਾ ਹੈ।

- ਇੱਕ ਚੇਤਾਵਨੀ: ਸੈਰ ਸਪਾਟੇ ਲਈ ਗ਼ੈਰਹਾਜ਼ਰੀ ਵਿਦਿਆਰਥੀ ਦੀ ਪੜ੍ਹਾਈ ਵਿਚ ਵਿਘਨ ਪਾਉਂਦੀ ਹੈ। ਗ਼ੈਰਹਾਜ਼ਰ ਵਿਦਿਆਰਥੀ ਮਹੱਤਵਪੂਰਨ ਜਾਣਕਾਰੀ ਤੋਂ ਵਾਂਝੇ ਰਹਿ ਕੇ ਕਲਾਸ ਤੋਂ ਪਿੱਛੇ ਰਹਿ ਸਕਦੇ ਹਨ।
    - ਟੀਚਰਾਂ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਵਿਦਿਆਰਥੀ ਨੂੰ ਉਹ ਪੜ੍ਹਾਈ ਕਰਵਾਉਣ ਜੋ ਉਸ ਦੀ ਰਹਿ ਗਈ ਹੈ।
    - ਜਿਹੜੇ ਵਿਦਿਆਰਥੀ 25 ਦਿਨਾਂ ਤੋਂ ਜ਼ਿਆਦਾ ਗ਼ੈਰਹਾਜ਼ਰ ਰਹਿੰਦੇ ਹਨ ਉਨ੍ਹਾਂ ਨੂੰ ਤਮਾਨਵਿਸ ਸਕੂਲ ਵਿਚੋਂ ਹਟਾ ਦਿੱਤਾ ਜਾਂਦਾ ਹੈ।

- ਜੇ ਕਿਸੇ ਵਿਦਿਆਰਥੀ ਨੇ ਧਾਰਮਿਕ ਕਾਰਨਾਂ ਕਰ ਕੇ ਸਕੂਲ ਛੱਡਣਾ ਹੈ ਤਾਂ ਕਿਰਪਾ ਕਰ ਕੇ ਸਾਡੇ ਦਫ਼ਤਰ ਨੂੰ ਦੱਸੋ। ਜੇ ਕਿਸੇ ਵਿਦਿਆਰਥੀ ਨੂੰ ਸਕੂਲ ਦੇ ਸਮੇਂ ਵਿਚ ਪ੍ਰਾਰਥਨਾ ਕਰਨ ਲਈ ਸਮਾਂ ਚਾਹੀਦਾ ਹੈ ਤਾਂ ਉਸ ਲਈ ਅਲੱਗ ਕਮਰਾ ਹੈ।

## ਤਮਾਨਵਿਸ ਸੈਕੰਡਰੀ – ਕੁੱਝ ਤੱਥ Tamanawis Secondary Quick Facts

## ਸਕੂਲ ਤੇ At School

- ਬੱਚੇ ਦੀ ਪੜ੍ਹਾਈ ਵਿਚ ਮਾਪੇ ਬੜੀ ਭਾਰੀ ਜ਼ਿੰਮੇਵਾਰੀ ਨਿਭਾਉਂਦੇ ਹਨ। **ਮਾਪਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ:**
    - ਸਕੂਲ ਦੀਆਂ ਮੀਟਿੰਗਾਂ ਅਤੇ ਸੈਮੀਨਾਰ ਵਿਚ ਸ਼ਾਮਲ ਹੋਵੋ (ਆਮ ਤੌਰ ਤੇ ਉਲੱਥਾ ਕਰਨ ਵਾਲੇ ਉਪਲਬਧ ਹੁੰਦੇ ਹਨ)।
    - ਬੱਚੇ ਦੀ ਪ੍ਰਗਤੀ ਬਾਰੇ ਟੀਚਰ ਨਾਲ ਸੰਪਰਕ ਰੱਖੋ।
    - ਪੜ੍ਹਾਈ ਤੋਂ ਇਲਾਵਾ ਹੋਰ ਸਰਗਰਮੀਆਂ ਖੇਡਾਂ ਅਤੇ ਕਲੱਬਾਂ ਵਿਚ ਸ਼ਾਮਲ ਹੋਵੋ ਅਤੇ ਬੱਚੇ ਨੂੰ ਉਤਸ਼ਾਹਿਤ ਕਰੋ
    - ਬੱਚੇ ਦੇ ਹੋਮ-ਵਰਕ ਦੀ ਨਿਗਰਾਨੀ ਲਈ ਉਸ ਦੇ ਪਲੈਨਰ ਦੀ ਰੋਜ਼ਾਨਾ ਜਾਂਚ ਕਰੋ।
    - ਹਰ ਰੋਜ਼ 20 ਮਿੰਟ ਅੰਗਰੇਜ਼ੀ ਪੜ੍ਹਨ ਲਈ ਉਤਸ਼ਾਹਿਤ ਕਰੋ।

- ਕਿਸੇ ਵੀ ਵਿਅਕਤੀ ਨੂੰ ਦੂਜੀ ਬੋਲੀ ਸਿੱਖਣ ਲੱਗਿਆਂ ਸਮਾਂ ਲੱਗਦਾ ਹੈ। **ਬੋਲੀ ਸਿੱਖਣ ਦੀਆਂ 3 ਕਿਸਮਾਂ ਹਨ:**
    - ਗੱਲਬਾਤ ਲਈ – 2 ਸਾਲਾਂ ਵਿਚ ਇੱਕ ਵਿਅਕਤੀ ਬੋਲਚਾਲ ਵਾਲੀ ਅੰਗਰੇਜ਼ੀ ਸਿੱਖ ਜਾਂਦਾ ਹੈ।
    - ਵਿੱਦਿਅਕ – ਕਲਾਸ ਵਿਚ ਕਾਮਯਾਬ ਹੋਣ ਲਈ ਇਸ ਕਿਸਮ ਦੀ ਬੋਲੀ ਵਿਦਿਆਰਥੀ ਲਈ ਜ਼ਰੂਰੀ ਹੈ। ਇਸ ਲੈਵਲ ਤੇ ਪਹੁੰਚਣ ਲਈ ਘੱਟੋ ਘੱਟ 5 ਸਾਲ ਲੱਗ ਜਾਂਦੇ ਹਨ।
        - ਜੇ ਕੋਈ ਵਿਦਿਆਰਥੀ ਬਹੁਤ ਚੰਗੀ ਤਰ੍ਹਾਂ ਅੰਗਰੇਜ਼ੀ ਬੋਲਣੀ ਜਾਣਦਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹ ਵਿੱਦਿਅਕ ਕਲਾਸਾਂ ਲਈ ਵੀ ਤਿਆਰ ਹੈ।
    - ਲਿਖਣ ਲਈ – ਅੰਗਰੇਜ਼ੀ ਚੰਗੀ ਤਰ੍ਹਾਂ ਲਿਖਣੀ ਆਉਣ ਲਈ ਸਭ ਤੋਂ ਜ਼ਿਆਦਾ ਸਮਾਂ ਲੱਗਦਾ ਹੈ।

## ਕਿਸ ਨੂੰ ਬੁਲਾਉਣਾ ਹੈ Who to call

ਜੇ ਤੁਹਾਡੇ ਮਨ ਵਿਚ ਕੋਈ ਸੁਆਲ ਹੈ ਜਾਂ ਚਿੰਤਾ ਹੈ (ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਵਿਚ) ਕਿਰਪਾ ਕਰ ਕੇ ਹੇਠ ਲਿਖੇ ਨੰਬਰਾਂ ਤੇ ਫ਼ੋਨ ਕਰੋ:

**ਤਮਾਨਵਿਸ ਸੈਕੰਡਰੀ**
**Tamanawis Secondary**

ਰਾਜ ਸਮਰਾ

(604) 597-5234

**ਜਾਂ**

**ਅੰਗਰੇਜ਼ੀ ਬੋਲੀ ਸਿੱਖਣ ਦਾ ਸੁਆਗਤ ਕੇਂਦਰ**
**English Language Learner Welcome Centre**

(604) 543 -3060